# Video Conference between Joint Secretary (East Asia) and Director General in Chinese Ministry of Foreign Affairs

June 05, 2020

---

## ਸੰਯੁਕਤ ਸਕੱਤਰ (ਪੂਰਬ ਏਸ਼ੀਆ) ਅਤੇ ਚੀਨੀ ਵਿਦੇਸ਼ ਮੰਤਰਾਲੇ ਦੇ ਡਾਇਰੈਕਟਰ ਜਨਰਲ ਦਰਮਿਆਨ ਹੋਈ ਵੀਡੀਓ ਕਾਨਫਰੰਸ

5 ਜੂਨ, 2020

ਸੰਯੁਕਤ ਸੱਕਤਰ (ਪੂਰਬ ਏਸ਼ੀਆ) ਸ੍ਰੀ ਨਵੀਨ ਸ੍ਰੀਵਾਸਤਵ, ਅਤੇ ਚੀਨੀ ਵਿਦੇਸ਼ ਮੰਤਰਾਲੇ ਦੇ ਡਾਇਰੈਕਟਰ ਜਨਰਲ ਸ੍ਰੀ ਵੂ ਜਿਆਂਗਹਾਓ ਨੇ 5 ਜੂਨ, 2020 ਨੂੰ ਵੀਡੀਓ ਕਾਨਫਰੰਸ ਰਾਹੀਂ ਇੱਕ ਬੈਠਕ ਕੀਤੀ।

ਦੋਨਾਂ ਪੱਖਾਂ ਨੇ ਮੌਜੂਦਾ ਘਟਨਾਕ੍ਰਮ ਸਮੇਤ ਦੁਵੱਲੇ ਸੰਬੰਧਾਂ ਦੇ ਹਲਾਤ ਦਾ ਜਾਇਜ਼ਾ ਲਿਆ। ਇਸ ਸੰਦਰਭ ਵਿਚ ਉਨ੍ਹਾਂ ਨੇ ਦੋਨਾਂ ਮੁਲਕਾਂ ਦੇ ਆਗੂਆਂ ਦੀ ਆਪਸੀ ਸਹਿਮਤੀ ਨੂੰ ਚੇਤੇ ਕਰਦੇ ਹੋਏ ਕਿਹਾ ਕਿ ਭਾਰਤ ਅਤੇ ਚੀਨ ਵਿਚਾਲੇ ਸ਼ਾਂਤੀਪੂਰਨ, ਸਥਿਰ ਅਤੇ ਸੰਤੁਲਿਤ ਸੰਬੰਧ ਮੌਜੂਦਾ ਕੌਮਾਂਤਰੀ ਹਾਲਾਤ ਵਿਚ ਸਥਿਰਤਾ ਕਾਇਮ ਕਰਨ ਉੱਤੇ ਚੰਗਾ ਅਸਰ ਪਾਉਣਗੇ। ਦੋਵਾਂ ਧਿਰਾਂ ਨੇ ਇਸ ਗੱਲ 'ਤੇ ਵੀ ਸਹਿਮਤੀ ਜ਼ਾਹਰ ਕੀਤੀ ਕਿ ਦੋਵਾਂ ਧਿਰਾਂ ਨੂੰ ਆਪਣੇ ਆਗੂਆਂ ਦੁਆਰਾ ਦਿੱਤੀ ਗਈ ਸੇਧ ਅਨੁਸਾਰ ਇੱਕ ਦੂਜੇ ਦੀਆਂ ਸੰਵੇਦਨਾਵਾਂ, ਚਿੰਤਾਵਾਂ ਅਤੇ ਇੱਛਾਵਾਂ ਦਾ ਸਨਮਾਨ ਕਰਨ ਦੀ ਲੋੜ ਨੂੰ ਧਿਆਨ ਵਿੱਚ ਰੱਖ ਸ਼ਾਂਤੀ ਨਾਲ ਗੱਲਬਾਤ ਕਰਕੇ ਆਪਣੇ ਮਤਭੇਦਾਂ ਨਾਲ ਨਜਿੱਠਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਝਗੜੇ ਨਹੀਂ ਬਣਨ ਦੇਣਾ ਚਾਹੀਦਾ।

ਦੋਨਾਂ ਪੱਖਾਂ ਨੇ COVID -19 ਮਹਾਂਮਾਰੀ ਤੋਂ ਪੈਦਾ ਹੋਈ ਚੁਣੌਤੀ ਅਤੇ ਵੱਖ-ਵੱਖ ਬਹੁਪੱਖੀ ਮੰਚਾਂ 'ਤੇ ਭਾਈਵਾਲੀ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

ਨਵੀਂ ਦਿੱਲੀ
5 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.